# ਪ੍ਰਸ਼ਨ ਬੈਂਕ

ਵਿਸ਼ਾ ਇਤਿਹਾਸ (ਬਾਰ੍ਹਵੀਂ ਸ਼੍ਰੇਣੀ)

**(For differently abled Students only)**

(2●22–23)

**ਸਮਾਂ: ਘੰਟੇ 3** **ਲਿਖਤੀ: ਅੰਕ 80**

**ਆਂਤਰਿਕ ਮੁਲਾਂਕਣ: ਅੰਕ 20**

**ਕੁੱਲ: ਅੰਕ 100**

## ਪ੍ਰਸ਼ਨ ਪੱਤਰ ਦੀ ਰੂਪ ਰੇਖ-

1. ਸਾਰੇ ਪ੍ਰਸ਼ਨ ਜ਼ਰੂਰੀ ਹੈ।
2. ਪ੍ਰਸ਼ਨ ਪੱਤਰ ਦੇ ਪੰਜ ਭਾਗ ਹੋਣਗੇ।

**ਨੋਟ:– ਪ੍ਰਸ਼ਨ–ਪੱਤਰ ਚਾਰ ਭਾਗਾਂ ( ਭਾਗ–ੳ, ਅ, ੲ ਅਤੇ ਸ ਵਿੱਚ ਵੰਡਿਆ ਗਿਆ ਹੈ)। ਜਿਸ ਵਿੱਚ ਮੁੱਖ ਰੂਪ ਵਿੱਚ ਚਾਰ ਪ੍ਰਸ਼ਨ ਹਨ। ਜਿਨ੍ਹਾਂ ਦੇ ਅੱਗੇ ਉੱਪ ਭਾਗ ਹੇਠ ਅਨੁਸਾਰ ਹਨ।**

### ਭਾਗ– ੳ

**ਬਹੁ–ਚੋਣਵੇਂ ਪ੍ਰਸ਼ਨ:** ਇਸ ਭਾਗ ਵਿੱਚ ਬਹੁ–ਵਿਕਲਪੀ ਉੱਤਰਾਂ ਵਾਲੇ ਪ੍ਰਸ਼ਨ ਸ਼ਾਮਲ ਹੋਣਗੇ। ਇਸ ਭਾਗ ਦੇ 1● ਉਪ–ਭਾਗ (ਪ੍ਰਸ਼ਨ ਨੰ: 1–1●) ਹੋਣਗੇ ਅਤੇ ਹਰ ਪ੍ਰਸ਼ਨ ਦੇ 2 ਅੰਕ ਹੋਣਗੇ। $10 \times 2 = 20$

**ਪ੍ਰਸ਼ਨ 1. ਬਹੁਵਿਕਲਪੀ ਉਤਰ ਵਾਲੇ ਪ੍ਰਸ਼ਨ:**

1. ਸਿੱਖਾਂ ਦੇ ਦੂਜੇ ਗੁਰੂ ਕੌਣ ਸਨ?
   (i) ਸ਼੍ਰੀ ਗੁਰੂ ਅਮਰਦਾਸ ਜੀ (ii) ਸ਼੍ਰੀ ਗੁਰੂ ਅੰਗਦ ਦੇਵ ਜੀ
   (iii) ਸ਼੍ਰੀ ਗੁਰੂ ਗੋਬਿੰਦ ਸਿੰਘ ਜੀ (iv) ਸ਼੍ਰੀ ਗੁਰੂ ਰਾਮਦਾਸ ਜੀ
2. ਸ਼੍ਰੀ ਗੁਰੂ ਅਮਰ ਦਾਸ ਦਾ ਜਨਮ ਕਦੋ ਹੋਇਆ ਸੀ?
   (i) 1458 ਈ. (ii) 1479 ਈ.
   (iii) 1469 ਈ. (iv) 1465 ਈ.
3. ਬੀਬੀ ਭਾਨੀ ਦੇ ਪਿਤਾ ਦਾ ਨਾਂ ਦੱਸੋ?
   (i) ਸ਼੍ਰੀ ਗੁਰੂ ਅਮਰਦਾਸ ਜੀ (ii) ਸ਼੍ਰੀ ਗੁਰੂ ਰਾਮ ਦਾਸ ਜੀ
   (iii) ਸ਼੍ਰੀ ਗੁਰੂ ਗੋਬਿੰਦ ਸਿੰਘ ਜੀ (iv) ਸ਼੍ਰੀ ਗੁਰੂ ਹਰਗੋਬਿੰਦ ਜੀ
4. ਸ਼੍ਰੀ ਆਦਿ ਗ੍ਰੰਥ ਸਾਹਿਬ ਦਾ ਪਹਿਲਾਂ ਪ੍ਰਕਾਸ਼ ਕਦੋਂ ਹੋਇਆ?
   (i) 16●2 ਈ. (ii) 16●4 ਈ.
   (iii) 1665 ਈ. (iv) 1672 ਈ.
5. ਸ਼੍ਰੀ ਗੁਰੂ ਹਰਗੋਬਿੰਦ ਜੀ ਕਦੋਂ ਜੋਤੀ–ਜੋਤ ਸਮਾਏ ਸਨ ?
   (i) 1635 ਈ. (ii) 1645 ਈ.
   (iii) 1638 ਈ. (iv) 1628 ਈ.

6. ਭੀਮ ਚੰਦ ਕੌਣ ਸੀ ?

(i) ਕਾਂਗੜਾ ਦਾ ਸ਼ਾਸ਼ਕ (ii) ਕਹਿਲੂਰ ਦਾ ਸ਼ਾਸ਼ਕ

(iii) ਸ੍ਰੀ ਨਗਰ ਦਾ ਸ਼ਾਸ਼ਕ (iv) ਗੁਲੇਰ ਦਾ ਸ਼ਾਸ਼ਕ

7. ਸ਼੍ਰੀ ਗੁਰੂ ਗੋਬਿੰਦ ਜੀ ਦੇ ਦਾਦਾ ਜੀ ਦਾ ਕੀ ਨਾਂ ਸੀ?

(i) ਸ਼੍ਰੀ ਗੁਰ ਅਮਰ ਦਾਸ ਜੀ (ii) ਸ਼੍ਰੀ ਗੁਰੂ ਹਰਗੋਬਿੰਦ ਜੀ

(iii) ਸ਼੍ਰੀ ਗੁਰੂ ਹਰ ਕ੍ਰਿਸ਼ਨ ਜੀ (iv) ਸ਼੍ਰੀ ਗੁਰੂ ਤੇਗ ਬਹਾਦਰ ਜੀ

8. ਸ਼੍ਰੀ ਗੁਰੂ ਤੇਗ ਬਹਾਦਰ ਜੀ ਨੂੰ ਜਿਸ ਸਥਾਨ ਤੇ ਸ਼ਹੀਦ ਕੀਤਾ ਗਿਆ ਉੱਥੇ ਕਿਹੜਾ ਗੁਰਦੁਆਰਾ ਸਥਿਤ ਹੈ?

(i) ਸੀਸ ਗੰਜ (ii) ਬਾਲਾ ਸਾਹਿਬ

(iii) ਰਕਾਬ ਗੰਜ (iv) ਦਰਬਾਰ ਸਾਹਿਬ

9. ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਗੁਰ ਗੱਦੀ ਤੇ ਕਦੋਂ ਬਿਰਾਜਮਾਨ ਹੋਏ?

(i) 1666 ਈ. (ii) 167● ਈ.

(iii) 1672 ਈ. (iv) 1675 ਈ.

1●. ਹੈਦਰੀ ਝੰਡੇ ਦੀ ਘਟਨਾ ਕਿਸ ਦੇ ਸ਼ਾਸ਼ਨ ਕਾਲ ਵਿੱਚ ਹੋਈ ਸੀ?

(i) ਅਬਦੁਸ ਸਮਦ ਖਾਂ (ii) ਅਹਿਮਦ ਸ਼ਾਹ ਅਬਦਾਲੀ

(iii) ਯਾਹੀਆ ਖਾਂ (iv) ਜ਼ਕਰੀਆਂ ਖਾਂ

11. ਮੁਗਲਾਨੀ ਬੇਗਮ ਪੰਜਾਬ ਦੀ ਸੂਬੇਦਾਰ ਕਦੋਂ ਬਣੀ?

(i) 1751 ਈ: (ii) 1752 ਈ:

(iii) 1753 ਈ: (iv) 1754 ਈ:

12. ਪਟਿਆਲਾ ਰਿਆਸਤ ਦਾ ਮੋਢੀ ਕੌਣ ਸੀ?

(i) ਅਮਰ ਸਿੰਘ (ii) ਹਮੀਰ ਸਿੰਘ

(iii) ਬਾਬਾ ਆਲਾ ਸਿੰਘ (iv) ਰਾਜਪਾਲ ਸਿੰਘ

13. ਹੇਠ ਲਿਖਿਆਂ ਵਿੱਚੋਂ ਕੌਣ "ਮਈ ਮਲਵੈਣ" ਦੇ ਨਾਂ ਨਾਲ ਪ੍ਰਸਿੱਧ ਸੀ।

(i) ਦਯਾ ਕੌਰ (ii) ਰਤਨ ਕੌਰ

(iii) ਰਾਜ ਕੌਰ (iv) ਰਾਜਪਤ ਸਿੰਘ

14. ਜਮਰੌਦ ਦੀ ਲੜਾਈ ਕਦੋਂ ਹੋਈ?

(i) 1818 ਈ: ਵਿੱਚ (ii) 1819 ਈ: ਵਿੱਚ

(iii) 1823 ਈ: ਵਿੱਚ (iv) 1837 ਈ: ਵਿੱਚ

15. ਅੰਗਰੇਜ਼ਾਂ ਨੇ ਸਿੰਧ ਦੇ ਅਮੀਰਾਂ ਨਾਲ ਵਪਾਰਿਕ ਸੰਧੀ ਕਦੋਂ ਕੀਤੀ?

(i) 1829 ਈ: (ii) 1831 ਈ:

(iii) 1832 ਈ: (iv) 183● ਈ:

16. ਹੈਦਰੀ ਝੰਡੇ ਦੀ ਘਟਨਾ ਕਿਸ ਦੇ ਸ਼ਾਸ਼ਨ ਕਾਲ ਵਿੱਚ ਹੋਈ ਸੀ?

(i) ਅਬਦੁਸ ਸਮਦ ਖਾਂ (ii) ਅਹਿਮਦ ਸ਼ਾਹ ਅਬਦਾਲੀ

(iii) ਯਾਹੀਆ ਖਾਂ (iv) ਜ਼ਕਰੀਆਂ ਖਾਂ

17. ਲਾਹੌਰ ਸ਼ਹਿਰ ਦੇ ਪ੍ਰਮੁੱਖ ਅਧਿਕਾਰੀ (ਕੋਤਵਾਲ) ਦਾ ਨਾਂ ਕੀ ਸੀ?

(ੳ) ਧਿਆਨ ਸਿੰਘ ਸਿੰਘ (ਅ) ਭਵਾਨੀ ਦਾਸ

(ੲ) ਦੀਨਾ ਨਾਥ (ਸ) ਇਮਾਮ ਬਖਸ਼

18. ਗਵਰਨਰ ਜਨਰਲ ਲਾਰਡ ਹਾਰਡਿੰਗ ਨੇ ਸਿੱਖਾਂ ਨਾਲ਼ ਯੁੱਧ ਦੀ ਘੋਸ਼ਣਾ ਕਦੋਂ ਕੀਤੀ?

(ੳ) 1848 ਈ. (ਅ) 1849 ਈ.

(ੲ) 1965 ਈ. (ਸ) 1854 ਈ.

19. ਮਹਾਰਾਜਾ ਰਣਜੀਤ ਸਿੰਘ ਦਾ ਸ਼ਾਹੀ ਮੋਹਰ ਤੇ ਕਿਹੜੇ ਸ਼ਬਦ ਉੱਕਰੇ ਸਨ?

(ੳ) ਨਾਨਕ ਸਹਾਇ (ਅ) ਅਕਾਲ ਸਹਾਇ

(ੲ) ਗੋਬਿੰਦ ਸਹਾਇ (ਸ) ਤੇਗ ਸਹਾਇ

20. ਮਹਾਰਾਜਾ ਰਣਜੀਤ ਸਿੰਘ ਸਮੇਂ ਪਰਗਨੇ ਦੇ ਮੁੱਖ ਅਧਿਕਾਰੀ ਨੂੰ ਕੀ ਕਹਿੰਦੇ ਸਨ?

(ੳ) ਗਵਰਨਰ (ਅ) ਕਾਰਦਾਰ

(ੲ) ਮੁਕੱਦਮ (ਸ) ਪਟਵਾਰੀ

21. ਭੀਮ ਚੰਦ ਕੌਣ ਸੀ?

(ੳ) ਕਾਂਗੜਾ ਦਾ ਸ਼ਾਸਕ (ਅ) ਕਹਿਲੂਰ ਦਾ ਸ਼ਾਸਕ

(ੲ) ਸ਼੍ਰੀ ਨਗਰ ਦਾ ਸ਼ਾਸਕ (ਸ) ਗੁਲੇਰ ਦਾ ਸ਼ਾਸਕ

22 ਪੰਜਾਬ ਵਿੱਚ ਕਿੰਨ੍ਹੇ ਦੁਆਬ ਹਨ?

(ੳ) ਦੋ (ਅ) ਤਿੰਨ

(ੲ) ਚਾਰ (ਸ) ਪੰਜ

23 ਸ਼੍ਰੀ ਗੁਰੂ ਅੰਗਦ ਦੇਵ ਜੀ ਦਾ ਮੁੱਢਲਾ ਨਾਂ ਕੀ ਸੀ?

(ੳ) ਭਾਈ ਜੇਠਾ ਜੀ (ਅ) ਭਾਈ ਲਹਿਣਾ ਜੀ

(ੲ) ਤਿਆਗ ਮੱਲ ਜੀ (ਸ) ਭਾਈ ਗੁਰਦਿੱਤਾ ਜੀ

24. ਜ਼ਫ਼ਰਨਾਮਾ ਕਿਸ ਗੁਰੂ ਸਾਹਿਬ ਨੇ ਲਿਖਿਆ ?

(ੳ) ਸ਼੍ਰੀ ਗੁਰੂ ਨਾਨਕ ਦੇਵ ਜੀ (ਅ) ਸ਼੍ਰੀ ਗੁਰੂ ਅਰਜਨ ਦੇਵ ਜੀ

(ੲ) ਸ਼੍ਰੀ ਗੁਰੂ ਤੇਗ ਬਹਾਦਰ ਜੀ (ਸ) ਸ਼੍ਰੀ ਗੁਰੂ ਗੋਬਿੰਦ ਸਿੰਘ ਜੀ

**25.** ਪਹਿਲਾ ਘੱਲੂਘਾਰਾ ਕਿੱਥੇ ਵਾਪਰਿਆ :

(ੳ) ਕਾਹਨੂੰਵਾਨ (ਅ) ਕੂਪ

(ੲ) ਸਰਹਿੰਦ (ਸ) ਗੁਰਦਾਸ ਨੰਗਲ

27. ਮਹਾਰਾਜਾ ਰਣਜੀਤ ਸਿੰਘ ਦਾ ਪ੍ਰਧਾਨ ਮੰਤਰੀ ਕੌਣ ਸੀ?

(ੳ) ਦੀਵਾਨ ਮੋਹਕਮ ਚੰਦ (ਅ) ਫ਼ਕੀਰ ਅਜ਼ੀਜ਼ਉੱਦੀਨ

(ੲ) ਰਾਜਾ ਧਿਆਨ ਸਿੰਘ (ਸ) ਦੀਵਾਨ ਭਵਾਨੀ ਦਾਸ

28. ਰਿਗ ਵੈਦਿਕ ਕਾਲ ਵਿੱਚ ਪੰਜਾਬ ਦਾ ਨਾਂ :

(ੳ) ਪੰਚਨਦ (ਅ) ਸਪਤ ਸਿੰਧੂ

(ੲ) ਮਗਧ ਦੇਸ਼ (ਸ) ਸੂਬਾ ਲਾਹੌਰ

29. ਪੰਜਾਬ ਵਿੱਚ ਕਿੰਨੇ ਦੁਆਬ ਹਨ :

(ੳ) ਦੋ (ਅ) ਇੱਕ

(ੲ) ਚਾਰ (ਸ) ਪੰਜ

3●. ਵਿਦਵਾਨ ਅਬੁਲ ਫਜ਼ਲ ਨੇ ਕਿਸ ਪੁਸਤਕ ਦੀ ਰਚਨਾ ਕੀਤੀ :

(ੳ) ਤੁਜ਼ਕ-ਏ-ਬਾਬਰੀ (ਅ) ਤੁਜ਼ਕ-ਏ- ਜਹਾਂਗੀਰੀ

(ੲ) ਆਇਨ-ਏ-ਅਕਬਰੀ (ਸ) ਜੰਗਨਾਮਾ

31. ਸ਼੍ਰੀ ਅਨੰਦਪੁਰ ਸਾਹਿਬ ਜੀ ਦੀ ਸਥਾਪਨਾ ਕਿਸ ਨੇ ਕੀਤੀ :

(ੳ) ਸ਼੍ਰੀ ਗੁਰੂ ਗੋਬਿੰਦ ਸਿੰਘ ਜੀ (ਅ) ਸ਼੍ਰੀ ਗੁਰੂ ਤੇਗ ਬਹਾਦਰ ਜੀ

(ੲ) ਸ਼੍ਰੀ ਗੁਰੂ ਹਰਿਕ੍ਰਿਸ਼ਨ ਜੀ (ਸ) ਸ਼੍ਰੀ ਗੁਰੂ ਹਰਗੋਬਿੰਦ ਜੀ

32. ਜਮਰੌਦ ਦੀ ਲੜਾਈ ਵਿੱਚ ਕਿਸ ਜਰਨੈਲ ਨੇ ਸ਼ਹੀਦੀ ਪ੍ਰਾਪਤ ਕੀਤੀ :

(ੳ) ਹਰੀ ਸਿੰਘ ਨਲੂਆ (ਅ) ਜ਼ਕਰੀਆ ਖਾਨ

(ੲ) ਲਾਰਡ ਹਾਰਡਿੰਗ (ਸ) ਸਾਵਨ ਮੱਲ

**33. ਸਹੀ ਮਿਲਾਨ ਕਰੋ :**

| | | |
|---|---|---|
| i) | ਮੰਜੀ ਪ੍ਰਥਾ | ਪ੍ਰਸਿੱਧ ਤੋਪ |
| ii) | ਬਾਬਾ ਬੁੱਢਾ ਜੀ | ਮਹਾਰਾਜਾ ਰਣਜੀਤ ਸਿੰਘ ਦਾ ਪ੍ਰਸਿੱਧ ਸੈਨਾਪਤੀ |
| iii) | ਜਮਜਮਾ | 18●9 ਈਸਵੀ |
| iv) | ਹਰੀ ਸਿੰਘ ਨਲਵਾ | ਸ਼੍ਰੀ ਹਰਿਮੰਦਰ ਸਾਹਿਬ ਦੇ ਪਹਿਲੇ ਮੁੱਖ ਗ੍ਰੰਥੀ |
| v) | ਅੰਮ੍ਰਿਤਸਰ ਦੀ ਸੰਧੀ | ਸ਼੍ਰੀ ਗੁਰੂ ਅਮਰਦਾਸ ਜੀ |
| vi) | ਸ਼੍ਰੀ ਮੁਕਤਸਰ ਸਾਹਿਬ | ਸ਼੍ਰੀ ਗੁਰੂ ਅੰਗਦ ਦੇਵ ਜੀ |
| vii) | ਭਾਈ ਲਹਿਣਾ | ਖਿਦਰਾਣੇ ਦੀ ਢਾਬ |

**ਖ਼ਾਲੀ ਸਥਾਨ ਭਰੋ :**

34. ਗੁਰਗੱਦੀ ਮਿਲਣ ਸਮੇਂ ਸ਼੍ਰੀ ਗੁਰੂ ਹਰਿਗੋਬਿੰਦ ਜੀ ਦੀ ਉਮਰ.................... ਸਾਲ ਸੀ।

35. 'ਚੱਕ ਨਾਨਕੀ' ਨਗਰ ਦੀ ਸਥਾਪਨਾ........... ਨੇ ਕੀਤੀ ਸੀ।

36. ਜ਼ਕਰੀਆਂ ਖਾਂ ਤੋਂ ਪਹਿਲਾਂ ਪੰਜਾਬ ਦਾ ਸੂਬੇਦਾਰ................ ਸੀ।

37. ਜਹਾਂਗੀਰ ਦੀ ਮੌਤ ਤੋਂ ਬਾਅਦ ਮੁਗਲ ਬਾਦਸ਼ਾਹ ..............ਬਣਿਆ ਸੀ।

38. ਪੰਜਾਬ ਵਿੱਚ ............. ਦੁਆਬ ਹਨ।

39. ਚੌਧਰੀ ਮੱਸਾ ਰੰਗੜ................ ਪਿੰਡ ਦਾ ਚੌਧਰੀ ਸੀ।

40. ਜਸਵੰਤ ਰਾਓ ਹੋਲਕਰ 1805 ਈ. ਵਿੱਚ ਪੰਜਾਬ ਆਇਆ ਸੀ।

41. ਨਾਦਰ ਸ਼ਾਹ ਦੀ ਹੱਤਿਆ ਤੋਂ ਬਾਅਦ ਅਫਗਾਨਿਸਤਾਨ ਦਾ ਬਾਦਸ਼ਾਹ............. ਬਣਿਆ।

42. ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਗੁਰਮੁੱਖੀ ਲਿਪੀ ਦਾ ਗਿਆਨ ਬਚਪਨ ਵਿੱਚ................. ਤੋਂ ਪ੍ਰਾਪਤ ਕੀਤਾ।

43. ਅਬਦੁਸ ਸਮਦ ਖਾਂ ਨੂੰ ਲਾਹੌਰ ਦਾ ਸੂਬੇਦਾਰ..............ਈਸਵੀ ਨੂੰ ਨਿਯੁਕਤ ਕੀਤਾ ਗਿਆ ਸੀ।

44. ਸ਼੍ਰੀ ਗੁਰੂ ਹਰਗੋਬਿੰਦ ਜੀ ਦੀ ਪੁੱਤਰੀ ਦਾ ਨਾਂ.................. ਸੀ।

45. 'ਰੰਗਰੇਟੇ ਗੁਰੂ ਕੇ ਬੇਟੇ' ਕਹਿ ਕੇ ਗੁਰੂ ਗੋਬਿੰਦ ਸਿੰਘ ਜੀ ਨੇ ................. ਨੂੰ ਸੰਬੋਧਿਤ ਕੀਤਾ ਸੀ।

46. ਸ਼੍ਰੀ ਗੁਰੂ ਤੇਗ਼ ਬਹਾਦਰ ਜੀ ਨੂੰ ਸ਼ਹੀਦ ਕਰਨ ਵਾਲ਼ੇ ਜੱਲਾਦ ਦਾ ਨਾਂ................. ਸੀ।

47. ਮੁਗਲ ਬਾਦਸ਼ਾਹ ................ ਗੁਰੂ ਅਮਰਦਾਸ ਜੀ ਨੂੰ ਮਿਲਣ ਗੋਇੰਦਵਾਲ ਸਾਹਿਬ ਆਇਆ ਸੀ।

48. ਸ਼੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਪਾਦਨ............. ਨੇ ਕੀਤਾ ਸੀ।

49. ਬਾਬਾ ਦੀਪ ਸਿੰਘ ਜੀ ਦਾ ਸੰਬੰਧ.................. ਮਿਸਲ ਨਾਲ ਸੀ।

50. ਗੋਇੰਦਵਾਲ ਸਾਹਿਬ ਵਿੱਚ ਬਾਉਲੀ ਦਾ ਨਿਰਮਾਣ __________ ਨੇ ਕਰਵਾਇਆ।

51. ਮਸੰਦ ਪ੍ਰਥਾ ਦੀ ਸ਼ੁਰੂਆਤ __________ ਨੇ ਕੀਤੀ।

52. ਆਦਿ ਗ੍ਰੰਥ ਸਾਹਿਬ ਦਾ ਸੰਕਲਨ __________ ਵਿੱਚ ਪੂਰਾ ਹੋਇਆ।

53. ਮਹਾਰਾਜਾ ਰਣਜੀਤ ਸਿੰਘ ਦਾ ਸਾਮਰਾਜ _________ ਸੂਬਿਆਂ ਵਿੱਚ ਵੰਡਿਆ ਹੋਇਆ ਸੀ।

54. ਗੁਜਰਾਤ ਦੀ ਲੜਾਈ ਇਤਿਹਾਸ ਵਿੱਚ _________ ਦੀ ਲੜਾਈ ਦੇ ਨਾਂ ਨਾਲ ਪ੍ਰਸਿੱਧ ਹੈ।

55. ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 1699 ਈ. ਵਿੱਚ ਵਿਸਾਖੀ ਵਾਲੇ ਦਿਨ ................ ਦੀ ਸਥਾਪਨਾ ਕੀਤੀ।

56. ..............ਅਤੇ................. ਕਿਸੇ ਵੀ ਪ੍ਰਦੇਸ਼ ਦੇ ਇਤਿਹਾਸ ਅਧਿਐਨ ਦੇ ਲਈ ਜ਼ਰੂਰੀ ਸੋਮੇ ਹਨ।

57. 'ਗੁਰੂ ਕਾ ਬਜ਼ਾਰ' ..............ਸ਼ਹਿਰ ਵਿੱਚ ਸੀ।

58. 'ਚਾਰ ਲਾਵਾਂ' ਦਾ ਉਚਾਰਨ ਸ੍ਰੀ ਗੁਰੂ .................... ਜੀ ਨੇ ਕੀਤਾ।

59. ਜੀਜਾਬਾਈ.............. ਦੇ ਮਾਤਾ ਜੀ ਸਨ।

60. ਕਨਕੂਤ ਪ੍ਰਣਾਲੀ ਨੂੰ ............. ਨੇ ਲਾਗੂ ਕੀਤਾ ਸੀ।

61. ਭੈਰੋਵਾਲ ਦੀ ਸੰਧੀ............. ਦੇ ਸਥਾਨ ਵਿਖੇ ਹੋਈ।

62. ਤਰੁਣਾ ਦਲ ਦੀ ਸਥਾਪਨਾ............ ਦੁਆਰਾ ਕੀਤੀ ਗਈ।

63.   ਮੁਗਲ ਕਾਲ ਵਿੱਚ ਪੰਜਾਬ ਦਾ ਮੁਸਲਮਾਨ ਸਮਾਜ.............ਹਿੱਸਿਆਂ ਵਿੱਚ ਵੰਡਿਆ ਹੋਇਆ ਸੀ।

**ਸਹੀ/ਗਲਤ ਲਿਖੋ :**

64. ਜ਼ਬਤੀ ਪ੍ਰਨਾਲ਼ੀ ਅਧੀਨ ਜ਼ਮੀਨ ਨੂੰ ਪੰਜ ਵਰਗਾਂ ਵਿੱਚ ਵੰਡਿਆ ਹੋਇਆ ਸੀ।
65. ਸਦਾ ਕੌਰ ਕਨਈਆ ਮਿਸਲ ਨਾਲ ਸੰਬੰਧ ਰੱਖਦੀ ਸੀ।
66. 182● ਈ. ਵਿੱਚ ਹਰੀ ਸਿੰਘ ਨਲਵਾ ਨੂੰ ਕਸ਼ਮੀਰ ਦਾ ਨਵਾਂ ਗਵਰਨਰ ਨਿਯੁਕਤ ਕੀਤਾ ਗਿਆ ਸੀ।
67. ਮੁਗਲ ਕਾਲ ਵਿੱਚ ਚਿਸ਼ਤੀ ਸਿਲਸਲਾ ਬਹੁਤ ਪ੍ਰਸਿੱਧ ਸੀ।
68. ਨਿਸ਼ਾਨਵਾਲੀਆ ਮਿਸਲ ਦਾ ਮੋਢੀ ਹਮੀਰ ਸਿੰਘ ਸੀ।
69. ਰਾਜਾ ਧਿਆਨ ਸਿੰਘ ਮਹਾਰਾਜਾ ਰਣਜੀਤ ਸਿੰਘ ਦਾ ਪ੍ਰਧਾਨ ਮੰਤਰੀ ਸੀ।
7●. ਡੱਲੇ ਵਾਲੀਆਂ ਮਿਸਲ ਦੇ ਸਭ ਤੋ ਪ੍ਰਸਿੱਧ ਨੇਤਾ ਬਾਬਾ ਦੀਪ ਸਿੰਘ ਜੀ ਸਨ।
71. ਮਹਾਰਾਜਾ ਰਣਜੀਤ ਸਿੰਘ ਦੇ ਬਚਪਨ ਦਾ ਨਾਂ ਸ਼ੇਰ ਸਿੰਘ ਸੀ।
72. ਨਵਾਬ ਕਪੂਰ ਸਿੰਘ ਦਲ ਖ਼ਾਲਸਾ ਦਾ ਪ੍ਰਧਾਨ ਸੈਨਾਪਤੀ ਸੀ।
73. ਬਾਲਜੀ ਬਾਜੀਰਾਓ ਦੇ ਪੁੱਤਰ ਦਾ ਨਾਂ ਵਿਸ਼ਵਾਸ਼ ਰਾਓ ਸੀ।
74. ਸਰਦਾਰ ਹਰੀ ਸਿੰਘ ਨਲੂਆ ਨੂੰ ਜ਼ਫ਼ਰਜੰਗ ਦਾ ਖਿਤਾਬ ਦਿੱਤਾ ਗਿਆ।
75. ਹਰਮਿੰਦਰ ਸਾਹਿਬ ਦੇ ਪਹਿਲੇ ਮੁੱਖ ਗ੍ਰੰਥੀ ਬਾਬਾ ਬੁੱਢਾ ਜੀ ਸਨ।
76. ਅਹਿਮਦਸ਼ਾਹ ਅਬਦਾਲੀ ਤੇ ਭਾਰਤ ’ਤੇ ਕੁੱਲ 6 ਹਮਲੇ ਕੀਤੇ ਸਨ।
77. ਮਰਾਠਾ ਨੇਤਾ ਜਸਵੰਤ ਰਾਓ ਹੋਲਕਰ 18●5 ਈ. ਵਿੱਚ ਪੰਜਾਬ ਆਇਆ ਸੀ।
78. ਗੁਰਮੁਖੀ ਲਿਪੀ ਨੂੰ ਗੁਰੂ ਅੰਗਦ ਦੇਵ ਜੀ ਨੇ ਹਰਮਨ ਪਿਆਰਾ ਬਣਾਇਆ।
79. ਸ਼੍ਰੀ ਅਨੰਦਪੁਰ ਸਾਹਿਬ ਦਾ ਪਹਿਲਾ ਨਾਂ ਚੱਕ ਨਾਨਕੀ ਸੀ।
8●. ਨਵਾਬ ਕਪੂਰ ਸਿੰਘ ਦਲ ਖਾਲਸਾ ਦਾ ਪ੍ਰਧਾਨ ਸੈਨਾਪਤੀ ਸੀ।
81. ਮਹਾਰਾਜਾ ਰਣਜੀਤ ਸਿੰਘ ਨੇ 18●5 ਈਸਵੀ ਵਿੱਚ ਲਾਹੌਰ ਉੱਪਰ ਜਿੱਤ ਪ੍ਰਾਪਤ ਕੀਤੀ।
82. ਮਹਾਰਾਜਾ ਦਲੀਪ ਸਿੰਘ ਪੰਜਾਬ ਦਾ ਆਖਰੀ ਸਿੱਖ ਮਹਾਰਾਜਾ ਸੀ।
83. ‘ਗੁਰਮੁਖੀ ਲਿਪੀ’ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਹਰਮਨ ਪਿਆਰੀ ਬਣਾਈ।
84. ਪ੍ਰਿਥੀ ਚੰਦ ਗੁਰੂ ਅਰਜਨ ਦੇਵ ਜੀ ਦਾ ਛੋਟਾ ਭਰਾ ਸੀ।
85. ਭੰਗਾਣੀ ਦੇ ਯੁੱਧ ਵਿੱਚ ਗੁਰੂ ਗੋਬਿੰਦ ਸਿੰਘ ਜੀ ਨੇ ਮੀਰ ਮੰਨੂੰ ਨੂੰ ਹਰਾਇਆ ਸੀ।
86. ਸਰਦਾਰ ਮਹਾਂ ਸਿੰਘ, ਘਨੱਈਆ ਮਿਸਲ ਦੇ ਮੁਖੀ ਸਨ।
87. ਭਾਈ ਗੁਰਦਾਸ ਜੀ ਦੀਆਂ ਵਾਰਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕੁੰਜੀ ਕਿਹਾ ਜਾਂਦਾ ਹੈ।

**ਭਾਗ– ਅ**

**ਵਸਤੂਨਿਸ਼ਠ ਪ੍ਰਸ਼ਨ:** ਇਸ ਭਾਗ ਵਿੱਚ ਖਾਲੀ ਥਾਵਾਂ ਭਰੋ / ਸਹੀ ਮਿਲਾਨ/ ਸਹੀ ਜਾਂ ਗਲਤ ਦੀ ਚੋਣ ਕਰੋ ਵਾਲੇ ਪ੍ਰਸ਼ਨ ਸ਼ਾਮਲ ਹੋਣਗੇ। ਇਸ ਭਾਗ ਦੇ 1● ਉਪ–ਭਾਗ (ਪ੍ਰਸ਼ਨ ਨੰ 1–1●) ਹੋਣਗੇ ਅਤੇ ਹਰ ਪ੍ਰਸ਼ਨ ਦਾ 1 ਅੰਕ ਹੋਵੇਗਾ।

$10 \times 1 = 10$

1. ਪੰਜਾਬ ਨੂੰ ਭਾਰਤ ਦਾ ਪ੍ਰਵੇਸ਼ ਦੁਆਰ ਕਿਉਂ ਕਿਹਾ ਜਾਂਦਾ ਹੈ?
2. ਹਿਮਾਲਿਆ ਪਰਬਤ ਦੇ ਪੰਜਾਬ ਨੂੰ ਕਿਹੜੇ ਮੁੱਖ ਲਾਭ ਹੋਏ?
3. ਪੰਜਾਬ ਦੇ ਦਰਿਆਵਾਂ ਨੇ ਇਸ ਦੇ ਇਤਿਹਾਸ ਨੂੰ ਕਿਵੇਂ ਪ੍ਰਭਾਵਿਤ ਕੀਤਾ ਹੈ?

4. ਪੰਜਾਬ ਵਿੱਚ ਕਿੰਨੇ ਦੁਆਬੇ ਹਨ? ਕਿਸੇ ਤਿੰਨ ਦਾ ਵਰਣਨ ਕਰੋ?
5. ਜਨਮ ਸਾਖੀਆਂ ਕੀ ਹਨ? ਚਾਰ ਪ੍ਰਮੁੱਖ ਜਨਮ ਸਾਖੀਆਂ ਦੇ ਵਰਣਨ ਲਿਖੋ?
6. ਦਸਮ ਗ੍ਰੰਥ ਸਾਹਿਬ ਬਾਰੇ ਤੁਸੀਂ ਕੀ ਜਾਣਦੇ ਹੋ?
7. ਜ਼ਫ਼ਰਨਾਮਾ ਕੀ ਹੈ? ਇਸ ਦੀ ਇਤਿਹਾਸਕ ਮਹੱਤਤਾ ਕੀ ਹੈ?
8. ਬਚਿੱਤਰ ਨਾਟਕ ਬਾਰੇ ਤੁਸੀਂ ਕੀ ਜਾਣਦੇ ਹੋ?
9. ਭਾਈ ਗੁਰਦਾਸ ਦੀਆਂ ਵਾਰਾਂ ਬਾਰੇ ਤੁਸੀਂ ਕੀ ਜਾਣਦੇ ਹੋ?
10. ਪੰਜਾਬ ਵਿੱਚ 16ਵੀਂ ਸਦੀ ਦੇ ਸ਼ੁਰੂ ਵਿੱਚ ਹੋਏ ਤਿਕੋਣੇ ਸੰਘਰਸ਼ ਬਾਰੇ ਵਰਨਣ ਕਰੋ?
11. ਪਾਣੀਪੱਤ ਦੀ ਪਹਿਲੀ ਲੜਾਈ ਤੇ ਨੋਟ ਲਿਖੋ?
12. ਦੌਲਤ ਖਾ ਲੋਧੀ ਤੇ ਇੱਕ ਨੋਟ ਲਿਖੋ?
13. ਸੰਗਤ ਅਤੇ ਪੰਗਤ ਤੇ ਸੰਖੇਪ ਨੋਟ ਲਿਖੋ?
14. 16ਵੀਂ ਸਦੀ ਦੇ ਸ਼ੁਰੂ ਵਿੱਚ ਪੰਜਾਬ ਦੀ ਆਰਥਿਕ ਸਥਿਤੀ ਕਿਹੋ ਜਿਹੀ ਸੀ?
15. ਸ਼੍ਰੀ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਤੇ ਨੋਟ ਲਿਖੋ?
16. ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਪਰਮਾਤਮਾ ਸੰਬੰਧੀ ਕੀ ਵਿਚਾਰ ਸਨ?
17. ਸ਼੍ਰੀ ਗੁਰੂ ਨਾਨਕ ਦੇਵ ਜੀ ਮਹਾਨ ਕਵੀ ਅਤੇ ਸੰਗੀਤਕਾਰ ਸਨ। ਵਿਆਖਿਆ ਕਰੋ?
18. ਸਿੱਖ ਪੰਥ ਦੇ ਵਿਕਾਸ ਲਈ ਗੁਰੂ ਅੰਗਦ ਦੇਵ ਜੀ ਨੇ ਕੀ-ਕੀ ਕਾਰਜ ਕੀਤੇ?
19. ਮੰਜੀ ਪ੍ਰਥਾ ਕੀ ਸੀ? ਸਿੱਖ ਪੰਥ ਦੇ ਵਿਕਾਸ ਵਿੱਚ ਇਸ ਨੇ ਕੀ ਭੂਮਿਕਾ ਨਿਭਾਈ?
20. ਸੱਤਾ ਅਤੇ ਬਲਵੰਡ ਬਾਰੇ ਤੁਸੀਂ ਕੀ ਜਾਣਦੇ ਹੋ?
21. ਸ਼੍ਰੀ ਗੁਰੂ ਅਮਰਦਾਸ ਜੀ ਦੇ ਪੰਜ ਸਮਾਜਿਕ ਸੁਧਾਰਾਂ ਦਾ ਵਰਣਨ ਕਰੋ?
22. ਉਦਾਸੀ ਮਤ ਤੇ ਇੱਕ ਸੰਖੇਪ ਨੋਟ ਲਿਖੋ?
23. ਮਸੰਦ ਪ੍ਰਥਾ ਕੀ ਸੀ? ਸਿੱਖ ਪੰਥ ਦੇ ਵਿਕਾਸ ਵਿੱਚ ਇਸ ਨੇ ਕੀ ਭੂਮਿਕਾ ਨਿਭਾਈ?
24. ਪ੍ਰਿਥੀ ਚੰਦ ਕੌਣ ਸੀ? ਉਸ ਨੇ ਗੁਰੂ ਅਰਜਨ ਦੇਵ ਜੀ ਦਾ ਵਿਰੋਧ ਕਿਉਂ ਕੀਤਾ?
25. ਚੰਦੂ ਸ਼ਾਹ ਬਾਰੇ ਤੁਸੀਂ ਕੀ ਜਾਣਦੇ ਹੋ?
26. ਹਰਿਮੰਦਰ ਸਾਹਿਬ ਤੇ ਇੱਕ ਸੰਖੇਪ ਨੋਟ ਲਿਖੋ?
27. ਸ਼੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦਾ ਸੰਖੇਪ ਵਰਣਨ ਕਰੋ?
28. ਮੀਰੀ ਤੇ ਪੀਰੀ ਤੋਂ ਕੀ ਭਾਵ ਹੈ?
29. ਸ਼੍ਰੀ ਗੁਰੂ ਹਰਗੋਬਿੰਦ ਜੀ ਨੂੰ ਬੰਦੀਛੋੜ ਬਾਬਾ ਕਿਉਂ ਕਿਹਾ ਜਾਂਦਾ ਹੈ?
30. ਅਕਾਲ ਤਖਤ ਸਾਹਿਬ ਤੇ ਨੋਟ ਲਿਖੋ?
31. ਸ਼੍ਰੀ ਗੁਰੂ ਹਰਗੋਬਿੰਦ ਜੀ ਰਾਹੀਂ ਨਵੀਂ ਨੀਤੀ ਕਿਉਂ ਅਪਣਾਈ ਗਈ?
32. ਸਿੱਖ ਧਰਮ ਦੇ ਵਿਕਾਸ ਲਈ ਗੁਰੂ ਹਰਿ ਰਾਏ ਜੀ ਨੇ ਕੀ ਯੋਗਦਾਨ ਪਾਇਆ।
33. ਸ਼੍ਰੀ ਗੁਰੂ ਹਰਿ ਕ੍ਰਿਸ਼ਨ ਜੀ ਬਾਰੇ ਸੰਖੇਪ ਵਿੱਚ ਵਰਣਨ ਕਰੋ?
34. ਸ਼੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਵਿੱਚ ਨਕਸ਼ਬੰਦੀਆਂ ਦੀ ਭੂਮਿਕਾ ਦੀ ਸਮੀਖਿਆ ਕਰੋ।
35. ਸ਼੍ਰੀ ਗੁਰੂ ਤੇਗ ਬਹਾਦਰ ਜੀ ਨੇ ਕਸ਼ਮੀਰੀ ਬ੍ਰਾਹਮਣਾਂ ਦੀ ਸਹਾਇਤਾ ਕਿਉਂ ਕੀਤੀ?
36. ਖਾਲਸਾ ਦੇ ਮੁੱਖ ਸਿਧਾਤਾਂ ਦਾ ਵਰਣਨ ਕਰੋ?
37. ਖਾਲਸਾ ਦੀ ਸਥਾਪਨਾ ਦੇ ਕਾਰਨਾਂ ਦੀ ਸੰਖੇਪ ਵਿਆਖਿਆ ਕਰੋ?
38. ਬੰਦਾ ਬੈਰਾਗੀ ਕੌਣ ਸੀ ਅਤੇ ਉਹ ਸਿੱਖ ਕਿਵੇਂ ਬਣਿਆ?
39. ਬੰਦਾ ਸਿੰਘ ਬਹਾਦਰ ਨੂੰ ਕਦੋਂ, ਕਿੱਥੇ ਅਤੇ ਕਿਵੇਂ ਸ਼ਹੀਦ ਕੀਤਾ ਗਿਆ?

40. ਚੱਪੜਚਿੜੀ ਦੀ ਲੜਾਈ ਤੇ ਨੋਟ ਲਿਖੋ?
41. ਭਾਈ ਮਨੀ ਸਿੰਘ ਕੌਣ ਸਨ? ਉਨ੍ਹਾਂ ਦੀ ਸ਼ਹੀਦੀ ਤੇ ਨੋਟ ਲਿਖੋ।
42. ਬੁੱਢਾ ਦਲ ਅਤੇ ਤਰੁਣਾ ਦਲ ਬਾਰੇ ਸੰਖੇਪ ਵਿੱਚ ਵਰਣਨ ਕਰੋ।
43. ਮੀਰ ਮੰਨੂੰ ਦੀ ਸਿੱਖਾਂ ਵਿਰੁੱਧ ਅਸਫਲਤਾ ਦੇ ਕੀ ਕਾਰਨ ਸਨ?
44. ਦਲ ਖਾਲਸਾ ਦੀ ਸਥਾਪਨਾ ਕਦੋਂ ਹੋਈ? ਇਸ ਦੀਆਂ ਮੁੱਖ ਵਿਸ਼ੇਸ਼ਤਾਵਾਂ ਦੱਸੋ।
45. ਦਲ ਖਾਲਸਾ ਦਾ ਸਿੱਖ ਇਤਿਹਾਸ ਵਿੱਚ ਮਹੱਤਵ ਦੱਸੋ।
46. ਮੁਗਲਕਾਲੀਨ ਪੰਜਾਬ ਦੇ ਲੋਕਾਂ ਦੀ ਸਮਾਜਿਕ ਹਾਲਤ ਦੀਆਂ ਮੁੱਖ ਵਿਸ਼ੇਸ਼ਤਾਵਾਂ ਦੱਸੋ।
47. ਮੁਗਲਕਾਲੀਨ ਪੰਜਾਬ ਵਿੱਚ ਲੋਕਾਂ ਦੇ ਮਨੋਰੰਜਨ ਦੇ ਮੁੱਖ ਸਾਧਨ ਕਿਹੜੇ ਸਨ?
48. ਮੁਗਲਕਾਲੀਨ ਪੰਜਾਬ ਸਿੱਖਿਆ ਦਾ ਕੀ ਪ੍ਰਬੰਧ ਸੀ?
49. ਮੁਗਲਾਂ ਅਧੀਨ ਪੰਜਾਬ ਦੀ ਖੇਤੀ ਬਾੜੀ ਦੀ ਦਸ਼ਾ ਤੇ ਨੋਟ ਲਿਖੋ।
50. ਤੈਮੂਰ ਸ਼ਾਹ ਕੌਣ ਸੀ?
51. ਪਾਨੀਪਤ ਦੀ ਤੀਜੀ ਲੜਾਈ ਤੇ ਨੋਟ ਲਿਖੋ?
52. ਵੱਡੇ ਘੱਲੂਘਾਰੇ ਤੇ ਸੰਖੇਪ ਨੋਟ ਲਿਖੋ?
53. ਨਵਾਬ ਕਪੂਰ ਸਿੰਘ ਕੌਣ ਸਨ? ਉਨ੍ਹਾਂ ਦੀ ਪ੍ਰਾਪਤੀਆਂ ਦਾ ਵਰਣਨ ਕਰੋ।
54. ਜੱਸਾ ਸਿੰਘ ਆਹਲੂਵਾਲੀਆ ਦੀਆਂ ਸਫ਼ਲਤਾਵਾਂ ਦਾ ਵਰਣਨ ਕਰੋ?
55. ਜੱਸਾ ਸਿੰਘ ਰਾਮਗੜ੍ਹੀਆ ਬਾਰੇ ਤੁਸੀਂ ਕੀ ਜਾਣਦੇ ਹੋ?
56. ਸਰਬੱਤ ਖਾਲਸਾ ਅਤੇ ਗੁਰਮੱਤਾ ਬਾਰੇ ਨੋਟ ਲਿਖੋ।
57. ਰਾਖੀ ਪ੍ਰਣਾਲੀ ’ਤੇ ਨੋਟ ਲਿਖੋ?
58. ਤ੍ਰੈ-ਪੱਖੀ ਸੰਧੀ ਅਤੇ ਇਸ ਦੇ ਮਹੱਤਵ ਤੇ ਨੋਟ ਲਿਖੋ।
59. 1809-1839 ਈ: ਤੱਕ ਅੰਗਰੇਜ਼-ਸਿੱਖ ਸਬੰਧਾਂ ਦਾ ਵਰਣਨ ਕਰੋ?
60. ਸ਼ਾਹ-ਸੁਜਾਹ ’ਤੇ ਨੋਟ ਲਿਖੋ?
61. ਹਰੀ ਸਿੰਘ ਨਲਵਾ ’ਤੇ ਨੋਟ ਲਿਖੋ?
62. ਮਹਾਰਾਜਾ ਰਣਜੀਤ ਸਿੰਘ ਦੇ ਕੇਂਦਰੀ ਸ਼ਾਸ਼ਨ ਪ੍ਰਬੰਧ ਬਾਰੇ ਤੁਸੀਂ ਕੀ ਜਾਣਦੇ ਹੋ?
63. ਮਹਾਰਾਜਾ ਰਣਜੀਤ ਸਿੰਘ ਸਮੇਂ ਲਾਹੌਰ ਸ਼ਹਿਰ ਦਾ ਪ੍ਰਬੰਧ ਕਿਹੋ ਜਿਹਾ ਸੀ?
64. ਮਹਾਰਾਜਾ ਰਣਜੀਤ ਸਿੰਘ ਦਾ ਪਰਜਾ ਪ੍ਰਤੀ ਵਤੀਰਾ ਕਿਹੋ ਜਿਹਾ ਸੀ?
65. ਮਹਾਰਾਜਾ ਰਣਜੀਤ ਸਿੰਘ ਇੱਕ ਧਰਮ-ਨਿਰਪੇਖ ਸ਼ਾਸਕ ਸੀ। ਕਿਵੇਂ?
66. ਭੈਰੋਵਾਲ ਦੀ ਸੰਧੀ ਤੇ ਨੋਟ ਲਿਖੋ?
67. ਦੀਵਾਨ ਮੂਲਰਾਜ ਦੇ ਵਿਦਰੋਹ ’ਤੇ ਨੋਟ ਲਿਖੋ?
68. ਦੂਜੇ ਐਂਗਲੋਂ-ਸਿੱਖ ਯੁੱਧ ਦੇ ਪ੍ਰਭਾਵ ਦੱਸੋ।
69. ਮਹਾਰਾਜਾ ਦਲੀਪ ਸਿੰਘ ਤੇ ਨੋਟ ਲਿਖੋ?
70. ਮਹਾਰਾਣੀ ਜਿੰਦਾ ਤੇ ਨੋਟ ਲਿਖੋ?

## ਭਾਗ-ੲ

**ਛੋਟੇ ਉੱਤਰਾਂ ਵਾਲੇ ਪ੍ਰਸ਼ਨ:** ਇਸ ਭਾਗ ਦੇ 8 ਉਪ-ਭਾਗ (ਪ੍ਰਸ਼ਨ ਨੰ 1-8) ਹੋਣਗੇ ਅਤੇ ਹਰ ਪ੍ਰਸ਼ਨ 3 ਅੰਕਾਂ ਦਾ ਹੋਵੇਗਾ। ਇਹਨਾਂ ਪ੍ਰਸ਼ਨਾਂ ਦੇ ਉੱਤਰ 25-3● ਸ਼ਬਦਾਂ ਵਿੱਚ ਦਿਓ। 8 ਪ੍ਰਸ਼ਨਾਂ ਵਿੱਚੋਂ 5 ਪ੍ਰਸ਼ਨ ਕਰਨੇ ਲਾਜ਼ਮੀ ਹਨ।

$5 \times 3 = 15$

1. ਪੰਜਾਬ ਵਿੱਚ 16ਵੀਂ ਸਦੀ ਦੇ ਸ਼ੁਰੂ ਵਿੱਚ ਹੋਏ ਤਿਕੋਣੇ ਸੰਘਰਸ਼ ਬਾਰੇ ਵਰਨਣ ਕਰੋ?
2. ਪਾਣੀਪਤ ਦੀ ਪਹਿਲੀ ਲੜਾਈ ਉੱਪਰ ਨੋਟ ਲਿਖੋ।
3. 16ਵੀਂ ਸਦੀ ਦੇ ਸ਼ੁਰੂ ਵਿੱਚ ਪੰਜਾਬਦੀ ਆਰਥਿਕ ਸਥਿਤੀ ਕਿਹੋ ਜਿਹੀ ਸੀ?
4. ਸਿੱਖ ਪੰਥ ਦੇ ਵਿਕਾਸ ਲਈ ਗੁਰੂ ਅੰਗਦ ਦੇਵ ਜੀ ਨੇ ਕੀ-ਕੀ ਕਾਰਜ ਕੀਤੇ?
5. ਸ਼੍ਰੀ ਅੰਮ੍ਰਿਤਸਰ ਦੀ ਸੰਧੀ ਦੀਆਂ ਮੁੱਖ ਸ਼ਰਤਾਂ ਕੀ ਸਨ?
6. ਮੰਜੀ ਪ੍ਰਥਾ ਕੀ ਸੀ? ਸਿੱਖ ਪੰਥ ਦੇ ਵਿਕਾਸ ਵਿੱਚ ਇਸ ਨੇ ਕੀ ਭੂਮਿਕਾ ਨਿਭਾਈ?
7. ਪ੍ਰਿਥੀ ਚੰਦ ਤੇ ਨੋਟ ਲਿਖੋ।
8. ਮਸੰਦ ਪ੍ਰਥਾ ਬਾਰੇ ਤੁਸੀਂ ਕੀ ਜਾਣਦੇ ਹੋ?
9. ਸਿੱਖ ਧਰਮ ਦੇ ਵਿਕਾਸ ਲਈ ਗੁਰੂ ਹਰਿ ਰਾਏ ਜੀ ਨੇ ਕੀ ਯੋਗਦਾਨ ਪਾਇਆ?
1●. ਸ਼੍ਰੀ ਗੁਰੂ ਹਰਿ ਕ੍ਰਿਸ਼ਨ ਜੀ ਬਾਰੇ ਸੰਖੇਪ ਵਿੱਚ ਵਰਨਣ ਕਰੋ।
11. ਕਿਸ ਸ਼ਰਧਾਲੂ ਨੂੰ ਨੌਂਵੀਂ ਪਾਤਸ਼ਾਹੀ ਦੀ ਖੋਜ ਕੀਤੀ ਅਤੇ ਕਿਉਂ?
12. ਸ਼੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦਹ ਤਤਕਾਲੀ ਕਾਰਨ ਕੀ ਸੀ?
13. ਭਾਈ ਮਨੀ ਸਿੰਘ ਜੀ ਕੌਣ ਸਨ? ਉਹਨਾਂ ਦੀ ਸ਼ਹੀਦੀ ਕਿਉਂ ਹੋਈ?
14. ਨਾਦਰ ਸ਼ਾਹ ਕੌਣ ਸੀ? ਉਸ ਦੇ ਹਮਲੇ ਦਾ ਪੰਜਾਬ ਉੱਤੇ ਦੀ ਪ੍ਰਭਾਵ ਪਿਆ?
15. ਬੁੱਢਾ ਦਲ ਅਤੇ ਤਰੁਨਾ ਦਲ ਬਾਰੇ ਸੰਖੇਪ ਵਿੱਚ ਵਰਨਣ ਕਰੋ।
16. ਛੋਟੇ ਘੱਲੂਘਾਰੇ ਬਾਰੇ ਸੰਖੇਪ ਨੋਟ ਲਿਖੋ।
17. ਮੀਰ ਮੰਨੂ ਦੀ ਸਿੱਖਾਂ ਵਿਰੁੱਧ ਅਸਫ਼ਲਤਾ ਦੇ ਕੀ ਕਾਰਨ ਸਨ?
18. ਦਲ ਖਾਲਸਾ ਦੀ ਸਥਾਪਨਾ ਕਿਹੜੇ ਕਾਰਨਾਂ ਕਰਕੇ ਹੋਈ?
19. ਦਲ ਖਾਲਸਾ ਸੰਗਠਨ ਦੀ ਸਥਾਪਨਾ ਕਦੋਂ ਹੋਈ? ਇਸ ਦੀਆਂ ਮੁੱਖ ਵਿਸ਼ੇਸ਼ਤਾਵਾਂ ਦੱਸੋ?
2●. ਮੁਗਲਕਾਲੀਨ ਪੰਜਾਬ ਵਿੱਚ ਲੋਕਾਂ ਦੇ ਮਨੋਰੰਜਨ ਦੇ ਮੁੱਖ ਸਾਧਨ ਕਿਹੜੇ ਸਨ?
21. ਮੁਗਲਕਾਲੀਨ ਪੰਜਾਬ ਵਿੱਚ ਇਸਤਰੀਆਂ ਦੀ ਸਥਿਤੀ ਕਿਸ ਤਰ੍ਹਾਂ ਦੀ ਸੀ?
22. ਪੰਜਾਬ ਵਿਚ ਮੁਗਲਾਂ ਅਧੀਨ ਸਿੱਖਿਆ ਦਾ ਕੀ ਪ੍ਰਬੰਧ ਸੀ?
23. ਮਹਾਰਾਜਾ ਰਣਜੀਤ ਸਿੰਘ ਦੇ ਰਾਜਗੱਦੀ ਉੱਪਰ ਬੈਠਣ ਸਮੇਂ ਪੰਜਾਬ ਦੀ ਰਾਜਨੀਤਿਕ ਹਾਲਤ ਕਿਸ ਤਰ੍ਹਾਂ ਦੀ ਸੀ?
24. ਮਹਾਰਾਜਾ ਰਣਜੀਤ ਸਿੰਘ ਦਾ ਲਾਹੌਰ ਉੱਤੇ ਅਧਿਕਾਰ ਤੇ ਉਸ ਦੇ ਮਹੱਤਵ ਬਾਰੇ ਦੱਸੋ।
25. ਮਹਾਰਾਜਾ ਰਣਜੀਤ ਸਿੰਘ ਦੀ ਅੰਮ੍ਰਿਤਸਰ ਜਿੱਤ ਉੱਤੇ ਸੰਖੇਪ ਨੋਟ ਲਿਖੋ।
26. ਮਹਾਰਾਜਾ ਰਣਜੀਤ ਸਿੰਘ ਲਈ ਮੁਲਤਾਨ ਜਿੱਤ ਦਾ ਕੀ ਮਹੱਤਵ ਸੀ?
27. ਮਹਾਰਾਜਾ ਰਣਜੀਤ ਸਿੰਘ ਨੇ ਹਾਰੇ ਹੋਏ ਸ਼ਾਸਕਾਂ ਪ੍ਰਤੀ ਕਿਸ ਤਰ੍ਹਾਂ ਦੀ ਨੀਤੀ ਅਪਣਾਈ?
28. ਮਹਾਰਾਜਾ ਰਣਜੀਤ ਸਿੰਘ ਦੀ ਸਿੱਖ ਮਿਸਲਾਂ ਪ੍ਰਤੀ ਨੀਤੀ ਕਿਸ ਤਰ੍ਹਾਂ ਦੀ ਸੀ?
29. ਅੰਮ੍ਰਿਤਸਰ ਦੀ ਸੰਧੀ ਦੀਆਂ ਮੁੱਖ ਸ਼ਰਤਾਂ ਕੀ ਸਨ?
3●. ਅੰਮ੍ਰਿਤਸਰ ਦੀ ਸੰਧੀ ਦਾ ਕੀ ਮਹੱਤਵ ਸੀ?
31. ਤਿੰਨ-ਪੱਖੀ ਸੰਧੀ ਤੇ ਇਸ ਦੀ ਮਹੱਤਤਾ ਬਾਰੇ ਨੋਟ ਲਿਖੋ।
32. ਅਕਾਲੀ ਫੂਲਾ ਸਿੰਘ ਉੱਪਰ ਇੱਕ ਨੋਟ ਲਿਖੋ।

33. ਹਰੀ ਸਿੰਘ ਨਲਵਾ ਉੱਪਰ ਇੱਕ ਸੰਖੇਪ ਵਿੱਚ ਨੋਟ ਲਿਖੋ।
34. ਮਹਾਰਾਜਾ ਰਣਜੀਤ ਸਿੰਘ ਦੀ ਨੀਤੀ ਕੀ ਸੀ? ਇਸ ਦਾ ਮਹੱਤਵ ਦੱਸੋ।
35. ਮਹਾਰਾਜਾ ਰਣਜਤ ਸਿੰਘ ਦੀ ਨਿਆਂ ਪ੍ਰਣਾਲੀ ਕਿਸ ਤਰ੍ਹਾਂ ਦੀ ਸੀ?
35. ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਸੈਨਿਕ ਪ੍ਰਬੰਧ ਵਿੱਚ ਕੀ ਤਬਦੀਲੀਆਂ ਲਿਆਂਦੀਆਂ?
36. ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਸੈਨਿਕ ਪ੍ਰਬੰਧ ਵਿੱਚ ਕੀ ਤਬਦੀਲੀਆਂ ਲਿਆਂਦੀਆਂ ?
37. ਮਹਾਰਾਜਾ ਰਣਜੀਤ ਸਿੰਘ ਦਾ ਆਪਣੀ ਪਰਜਾ ਵੱਲ ਕਿਸ ਤਰ੍ਹਾਂ ਦਾ ਵਿਹਾਰ ਸੀ?
38. ਮਹਾਰਾਜਾ ਰਣਜੀਤ ਸਿੰਘ ਦੀ ਸ਼ਖਸੀਅਤ ਬਾਰੇ ਤੁਸੀਂ ਕੀ ਜਾਣਦੇ ਹੋ?
39. ਮਹਾਰਾਜਾ ਰਣਜੀਤ ਸਿੰਘ ਨੂੰ ਸ਼ੇਰ-ਏ-ਪੰਜਾਬ ਕਿਉਂ ਕਿਹਾ ਜਾਂਦਾ ਹੈ?
4●. ਪੰਜਾਬ ਨੂੰ ਭਾਰਤ ਦਾ ਪ੍ਰਵੇਸ਼ ਦੁਆਰ ਕਿਉਂ ਕਿਹਾ ਜਾਂਦਾ ਹੈ?
41. ਜਨਮ ਸਾਖੀਆਂ ਕੀ ਹਨ? ਚਾਰ ਜਨਮ ਸਾਖੀਆਂ ਦੇ ਨਾਮ ਲਿਖੋ?
42. ਸੰਗਤ ਅਤੇ ਪੰਗਤ ਤੇ ਸੰਖੇਪ ਨੋਟ ਲਿਖੋ।
43. ਸ਼੍ਰੀ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਤੇ ਨੋਟ ਲਿਖੋ?
44. ਮੀਰੀ ਅਤੇ ਪੀਰੀ ਤੋਂ ਕੀ ਭਾਵ ਹੈ?
45. ਸ਼੍ਰੀ ਗੁਰੂ ਹਰ ਗੋਬਿੰਦ ਸਿੰਘ ਜੀ ਨੂੰ ਬੰਦੀ ਛੋਡ ਬਾਬਾ ਕਿਉਂ ਕਿਹਾ ਜਾਂਦਾ ਹੈ?
46. ਗੁਰਗੱਦੀ ਤੇ ਬੈਠਣ ਸਮੇਂ ਗੁਰੂ ਗੋਬਿੰਦ ਸਿੰਘ ਜੀ ਨੂੰ ਕਿਹੜੀਆਂ ਮੁਸਕਲਾਂ ਦਾ ਸਾਹਮਣਾਂ ਕਰਨਾ ਪਿਆ?
47. ਜ਼ਫ਼ਰਨਾਮਾ ਤੇ ਨੋਟ ਲਿਖੋ?
48. ਬੰਦਾ ਸਿੰਘ ਬਹਾਦਰ ਨੇ ਸਿੱਖਾਂ ਦਾ ਰਾਜ ਕਿਸ ਤਰ੍ਹਾਂ ਸਥਾਪਤ ਕੀਤਾ?
49. ਚੱਪੜਚਿੜੀ ਦੀ ਲੜਾਈ ਤੇ ਨੋਟ ਲਿਖੋ?
5●. ਪੰਜਾਬ ਦੇ ਜਲਵਾਯੂ ਤੇ ਨੋਟ ਲਿਖੋ?
51. ਪੰਜਾਬ ਦੇ ਇਤਿਹਾਸ ਤੇ ਕਰਿਆਵਾਂ ਦਾ ਪ੍ਰਭਾਵ ਦੱਸੋ।
52. ਸਿਕੰਦਰ ਲੋਧੀ ਜਾਂ ਇਬਰਾਹੀਮ ਲੋਧੀ ਜਾਂ ਦੋਲਤ ਖਾਂ ਲੋਧੀ ਤੇ ਨੋਟ ਲਿਖੋ?
53. ਸ਼੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਉਤਰ ਅਧਿਕਾਰੀ ਦੀ ਨਿਯੁਕਤੀ ਤੇ ਨੋਟ ਲਿਖੋ?
54. ਗੋਇੰਦਵਾਲ ਸਾਹਿਬ ਵਿੱਚ ਬਾਉਲੀ ਦੀ ਉਸਾਰੀ ਤੇ ਨੋਟ ਲਿਖੇ ?
55. ਬੀਬੀ ਭਾਨੀ ਤੇ ਨੋਟ ਲਿਖੋ?
56. ਅਕਾਲ ਤਖਤ ਤੇ ਨੋਟ ਲਿਖੋ?
57. ਹਰਿਮੰਦਰ ਸਾਹਿਬ ਤੇ ਨੋਟ ਲਿਖੋ।
58. ਸਿੱਖ ਮਿਸਲਾਂ ਦਾ ਅੰਦਰੂਨੀ ਸੰਗਠਨ ਕਿਹੋ ਜਿਹਾ ਸੀ, ਬਿਆਨ ਕਰੋ।
59. ਹਿਮਾਲਿਆ ਪਰਬਤ ਦੇ ਪੰਜਾਬ ਨੂੰ ਕਿਹੜੇ ਮੁੱਖ ਲਾਭ ਹੋਏ?
6●. ਸਿੱਖ ਧਰਮ ਦੇ ਵਿਕਾਸ ਲਈ ਸ੍ਰੀ ਗੁਰੂ ਹਰਰਾਇ ਜੀ ਨੇ ਕੀ ਯੋਗਦਾਨ ਪਾਇਆ।

**ਭਾਗ-ਸ**

**ਸ੍ਰੋਤ ਅਧਾਰਿਤ ਪ੍ਰਸ਼ਨ:** ਇਸ ਭਾਗ ਦੇ 2 ਉਪ-ਭਾਗ (ਪ੍ਰਸ਼ਨ ਨੰ. 1-2) ਹੋਣਗੇ। (ਦਿੱਤੇ ਗਏ ਪੈਰ੍ਹੇ 'ਤੇ ਅਧਾਰਿਤ ਪ੍ਰਸ਼ਨ) ਅਤੇ ਹਰ ਉਪ-ਭਾਗ ਦੇ 1● ਅੰਕ (ਹਰੇਕ ਪ੍ਰਸ਼ਨ ਵਿੱਚ 2-2 ਅੰਕਾਂ ਵਾਲੇ 5 ਪ੍ਰਸ਼ਨ ਹੋਣਗੇ)। $2 \times 10 = 20$

**ਸ੍ਰੋਤ ਅਧਾਰਿਤ ਪ੍ਰਸ਼ਨ-**

1. ਪੰਜ ਦਰਿਆਵਾਂ ਦੀ ਧਰਤੀ ਪੰਜਾਬ ਨੂੰ ਭਾਰਤੀ ਸੰਸਕ੍ਰਿਤੀ ਅਤੇ ਸਭਿਅਤਾ ਦੀ ਜਨਮ ਭੂਮੀ ਕਿਹਾ ਜਾਂਦਾ ਹੈ।ਅੱਜ ਤੋਂ ਲਗਭੱਗ 4 ਹਜ਼ਾਰ ਤੋਂ 5ਹਜ਼ਾਰ ਸਾਲ ਪਹਿਲਾਂ ਪੰਜਾਬ ਦੇ ਆਲੇ ਦੁਆਲੇ ਦੇ-ਪ੍ਰਦੇਸ਼ਾਂ ਵਿੱਚ ਸਿੰਧ ਘਾਟੀ ਦੀ ਸਭਿਅਤਾ ਜਾਂ ਹੜੱਪਾ ਸੱਭਿਅਤਾ ਦਾ ਜਨਮ ਹੋਇਆ, ਜੋ ਸੰਸਾਰ ਦੀਆਂ ਪ੍ਰਾਚੀਨ ਸਭਿਆਤਾਵਾਂ ਵਿੱਚੋਂ ਇੱਕ ਮੰਨੀ ਜਾਂਦੀ ਹੈ । ਰਮਾਇਣ ਅਤੇ ਮਹਾਂਭਾਰਤ ਦੇ ਮਹਾਨ ਪਾਤਰਾਂ ਦਾ ਸੰਬੰਧ ਵੀ ਪੰਜਾਬ ਨਾਲ ਸੀ। ਮਹਾਂਭਾਰਤ ਦਾ ਯੁੱਧ ਇਸੇ ਧਰਤੀ ਉੱਤੇ ਲੜਿਆ ਗਿਆ ਹੈ ਜਿਸ ਵਿੱਚ ਸ਼੍ਰੀ ਕਿਸ਼ਨ ਜੀ ਨੇ ਗੀਤਾ ਦਾ ਉਪਦੇਸ਼ ਦਿੱਤਾ ਸੀ । ਪੰਜਾਬ ਵਿੱਚ ਸੰਸਾਰ ਪ੍ਰਸਿੱਧ ਤਕਸ਼ਿਲਾ ਵਿਸ਼ਵ ਵਿਦਿਆਲਾ ਅਤੇ ਗੰਧਾਰ ਕਲਾ ਦੇ ਪ੍ਰਮੁੱਖ ਕੇਂਦਰ ਸਥਿਤ ਸਨ। ਅਰਥਸ਼ਾਸਤਰ ਦੇ ਲੇਖਕ ਕੋਟਿਲਯ, ਸੰਸਕ੍ਰਿਤ ਵਿਆਕਰਨ ਦੇ ਮਹਾਨ ਵਿਦਵਾਨ ਪਾਣਿਨੀ ਅਤੇ ਪ੍ਰਸਿੱਧ ਚਿਕਿਤਸਕ ਚਰਕ ਪੰਜਾਬ ਨਾਲ ਹੀ ਸਬੰਧ ਰੱਖਦੇ ਸਨ । ਭਾਰਤ ਦੇ ਰਾਜਨੀਤਕ ਇਤਿਹਾਸ ਦਾ ਨਿਰਮਾਣ ਵੀ ਕਿਸੇ ਹੱਦ ਤੱਕ ਪੰਜਾਬ ਵਿਚ ਹੀ ਹੋਇਆ। ਪੰਜਾਬ ਦੀ ਆਰਥਿਕ ਸਥਿਤੀ ਦੇ ਕਾਰਨ ਸਾਰੇ ਵਿਦੇਸ਼ੀ ਹਮਲਾਵਰ ਪੰਜਾਬ ਦੀ ਉਤਰ ਪੱਛਮੀ ਸੀਮਾ ਤੋਂ ਹੋ ਕੇ ਪੰਜਾਬ ਵਿੱਚ ਆਏ ਸਨ-। ਚੰਦਰ ਗੁਪਤ ਮੌਰੀਆ ਅਤੇ ਹਰਸ਼ ਵਰਧਨ ਜਿਹੇ ਰਾਜਿਆਂ ਨੇ ਪੰਜਾਬ ਤੋਂ ਹੀ ਆਪਣੀਆਂ ਜਿੱਤਾਂ ਦੀ ਮੁਹਿੰਮ ਆਰੰਭ ਕੀਤੀ ਅਤੇ ਵਿਸ਼ਾਲ ਅਤੇ ਸ਼ਕਤੀਸ਼ਾਲੀ ਸਾਮਰਾਜ ਦੀ ਸਥਾਪਨਾ ਕੀਤੀ।

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ-**

1. ਹੜੱਪਾ ਸੱਭਿਅਤਾ ਦਾ ਜਨਮ ਕਿਸ ਧਰਤੀ 'ਤੇ ਹੋਇਆ ?
2. ਕਿਹੜੇ ਮਹਾਂਕਾਵਾਂ ਦੇ ਪਾਤਰਾਂ ਦਾ ਸੰਬੰਧ ਪੰਜਾਬ ਨਾਲ ਸੀ ?
3. ਸ਼੍ਰੀ ਕ੍ਰਿਸ਼ਨ ਨੇ ਗੀਤਾ ਦਾ ਉਪਦੇਸ਼-------ਦੀ ਧਰਤੀ 'ਤੇ ਦਿੱਤਾ ?
4. ਭਾਰਤ 'ਤੇ ਹਮਲੇ ਕਰਨ ਵਾਲੇ ਵਿਦੇਸ਼ੀ ਹਮਲਾਵਰ ਪੰਜਾਬ ਵਿੱਚ ਕਿਸ ਪਾਸੇ ਤੋਂ ਦਾਖਲ ਹੁੰਦੇ ਸਨ ?
5. ਪਾਣਿਨੀ ਕਿਸ ਵਿਸ਼ੇ ਦਾ ਵਿਦਵਾਨ ਸੀ ?

2. ਗੁਰੂ ਗੋਬਿੰਦ ਸਿੰਘ ਜੀ ਨੇ 1699 ਈ. ਨੂੰ ਵਿਸਾਖੀ ਵਾਲੇ ਦਿਨ ਅਨੰਦਪੁਰ ਸਾਹਿਬ ਵਿਖੇ ਇੱਕ ਵੱਡਾ ਇਕੱਠ ਕੀਤਾ । ਇਸ ਦੀਵਾਨ ਵਿੱਚ ਵੱਖ-ਵੱਖ ਥਾਵਾਂ ਤੋਂ ਲਗਭਗ 80,000 ਵਿਅਕਤੀਆਂ ਨੇ ਭਾਗ ਲਿਆ । ਜਦੋਂ ਸਭ ਲੋਕ ਆਪਣੀ-ਆਪਣੀ ਜਗ੍ਹਾ 'ਤੇ ਬੈਠ ਗਏ ਤਾਂ ਗੁਰੂ ਜੀ ਨੇ ਆਪਣੀ ਤਲਵਾਰ ਮਿਆਨ ਵਿੱਚੋਂ ਕੱਢ ਕੇ ਕਿਹਾ , ' ਕੀ ਤੁਹਾਡੇ ਵਿੱਚ ਕੋਈ ਅਜਿਹਾ ਵਿਅਕਤੀ ਹੈ ਜੋ ਧਰਮ ਲਈ ਆਪਣਾ ਸੀਸ ਭੇਂਟ ਕਰ ਸਕੇ ?' ਇਹ ਸੁਣਦੇ ਹੀ ਦੀਵਾਨ ਵਿੱਚ ਸੰਨਾਟਾ ਛਾ ਗਿਆ । ਪਰ ਗੁਰੂ ਜੀ ਨੇ ਜਦੋਂ ਤੀਸਰੀ ਵਾਰ ਇਹ ਵਾਕ ਦੁਹਰਾਇਆ ਤਾਂ ਦਇਆ ਰਾਮ ਜੋ ਕਿ ਜਾਤ ਦਾ ਖੱਤਰੀ ਸੀ, ਉਹ ਆਪਣਾ ਬਲਿਦਾਨ ਦੇਣ ਲਈ ਅੱਗੇ ਆਇਆ । ਗੁਰੂ ਜੀ ਉਸ ਨੂੰ ਨੇੜੇ ਦੇ ਤੰਬੂ ਵਿੱਚ ਲੈ ਗਏ ਅਤੇ ਖ਼ੂਨ ਨਾਲ ਲਿਬੜੀ ਹੋਈ ਤਲਵਾਰ ਲੈ ਕੇ ਬਾਹਰ ਆਏ । ਉਨ੍ਹਾਂ ਨੇ ਤੰਬੂ ਤੋਂ ਬਾਹਰ ਆ ਕੇ ਇੱਕ ਹੋਰ ਸਿਰ ਦੀ ਮੰਗ ਕੀਤੀ । ਹੁਣ ਦਿੱਲੀ ਦਾ ਇੱਕ ਜੱਟ ਧਰਮ ਦਾਸ ਗੁਰੂ ਸਾਹਿਬ ਕੋਲ ਆਇਆ , ਗੁਰੂ ਜੀ ਉਸ ਨੂੰ ਵੀ ਤੰਬੂ ਵਿੱਚ ਲੈ ਗਏ ਅਤੇ ਖ਼ੂਨ ਨਾਲ ਲਿਬੜੀ ਹੋਈ ਤਲਵਾਰ ਲੈ ਕੇ ਬਾਹਰ ਆ ਗਏ । ਇਸ ਤਰ੍ਹਾਂ ਵਾਰੀ-ਵਾਰੀ ਗੁਰੂ ਜੀ ਨੇ ਹੋਰ ਤਿੰਨ ਸੀਸ ਮੰਗੇ । ਤਿੰਨ ਸੀਸ ਦੇਣ ਲਈ ਮੋਹਕਮ ਚੰਦ, ਸਾਹਿਬ ਚੰਦ ਅਤੇ ਹਿੰਮਤ ਰਾਏ ਵਾਰੀ-ਵਾਰੀ ਗੁਰੂ ਜੀ ਕੋਲ ਆਏ । ਹਰ ਇੱਕ ਨੂੰ ਗੁਰੂ ਜੀ ਤੰਬੂ ਦੇ ਅੰਦਰ ਲੈ ਗਏ ਤੇ ਨੰਗੀ ਤਲਵਾਰ ਲੈ ਕੇ ਬਾਹਰ ਆ ਜਾਂਦੇ ਸਨ । ਬਾਅਦ ਵਿੱਚ ਉਹਨਾਂ ਪੰਜਾਂ ਨੂੰ ਅੰਮ੍ਰਿਤ ਛਕਾਇਆ ਗਿਆ ।

ਉਹਨਾਂ ਨੂੰ 'ਪੰਜ ਪਿਆਰੇ' ਕਿਹਾ ਗਿਆ। ਉਹਨਾਂ ਨੂੰ 'ਖੰਡੇ ਦਾ ਪਾਹੁਲ' ਛਕਾ ਕੇ ਉਹਨਾਂ ਤੋਂ ਗੁਰੂ ਜੀ ਨੇ ਆਪ ਪਾਹੁਲ ਛਕਿਆ, ਇਸ ਕਰਕੇ ਉਹ ਗੋਬਿੰਦ ਰਾਏ ਤੋਂ ਗੋਬਿੰਦ ਸਿੰਘ ਕਹਾਉਣ ਲੱਗੇ। ਉਹਨਾਂ ਪੰਜਾਂ ਪਿਆਰਿਆਂ ਨੂੰ ਅੰਮ੍ਰਿਤ ਪਿਲਾਉਣ ਪਿੱਛੋਂ 'ਖ਼ਾਲਸਾ' ਦਾ ਨਾਂ ਦਿੱਤਾ, ਜਿਸ ਦਾ ਅਰਥ ਹੈ 'ਸ਼ੁੱਧ' ਭਾਵ ਉਹ ਸ਼ੁੱਧ ਹੋ ਚੁੱਕੇ ਸਨ। ਉਹਨਾਂ ਨੇ ਕਿਹਾ ਖ਼ਾਲਸਾ ਗੁਰੂ ਵਿੱਚ ਹੈ ਅਤੇ ਗੁਰੂ ਖ਼ਾਲਸੇ ਵਿੱਚ। ਇਸ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ 'ਆਪੇ ਗੁਰੂ ਚੇਲਾ' ਅਖਵਾਏ।

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ-**

1. ' ਖ਼ਾਲਸਾ ' ਸ਼ਬਦ ਤੋਂ ਕੀ ਭਾਵ ਹੈ ?
2. ਗੁਰੂ ਜੀ ਨੂੰ ਸਭ ਤੋ ਪਹਿਲਾਂ ਸੀਸ ਕਿਸਨੇ ਭੇਂਟ ਕੀਤਾ ?
3. ਸੀਸ ਭੇਂਟ ਕਰਨ ਵਾਲਿਆਂ ਨੂੰ ਸਮੂਹਿਕ ਰੂਪ ਵਿੱਚ ਕੀ ਨਾਮ ਦਿੱਤਾ ਗਿਆ ?
4. ' ਆਪੇ ਗੁਰੂ ਚੇਲਾ ' ਕਿਸਨੂੰ ਕਿਹਾ ਜਾਂਦਾ ਹੈ ?
5. ਹੇਠ ਲਿਖਿਆਂ ਵਿੱਚੋਂ ਕਿਸ ਨੇ ਧਰਮ ਲਈ ਸੀਸ ਭੇਂਟ ਕੀਤਾ ?

   (ੳ) ਧਰਮ ਦਾਸ (ਅ) ਮੋਹਰਮ ਚੰਦ

   (ੲ) ਸਾਹਿਬ ਚੰਦ (ਸ) ਉਪਰੋਕਤ ਸਾਰੇ

**ਭਾਗ- ਹ**

**ਨਕਸ਼ੇ ਨਾਲ਼ ਸੰਬੰਧਿਤ ਪ੍ਰਸ਼ਨ:** ਇਸ ਭਾਗ ਵਿੱਚ ਨਕਸ਼ੇ ਨਾਲ਼ ਸੰਬੰਧਿਤ ਇੱਕ ਪ੍ਰਸ਼ਨ ਹੋਣਗੇ। ਕੁੱਲ 15 ਅੰਕ ਹੋਣਗੇ। 1● ਅੰਕ 5 ਸਥਾਨ ਦਿਖਾਉਣ ਲਈ ਅਤੇ 5 ਅੰਕ ਉਨ੍ਹਾਂ ਸਥਾਨਾਂ ਦੀ ਵਿਆਖਿਆ ਕਰਨ ਦੇ ਹੋਣਗੇ (2●-25 ਸ਼ਬਦਾਂ ਵਿੱਚ)। ਨਕਸ਼ੇ ਵਿੱਚ 1●●% ਆਂਤਰਿਕ ਛੋਟ ਹੋਵੇਗੀ। $10 + 5 = 15$

**ਪ੍ਰਸ਼ਨ** 4 (ੳ) ਪੰਜਾਬ ਦੇ ਰੇਖਾ ਮਾਨਚਿੱਤਰ ਵਿੱਚ ਬੰਦਾ ਸਿੰਘ ਬਹਾਦਰ ਦੀਆਂ ਲੜਾਈਆਂ ਦੇ ਕੋਈ ਪੰਜ ਸਥਾਨ ਦਿਖਾਓ। (1●)

(ਅ) ਹਰ ਇੱਕ ਸਥਾਨ ਦੀ 1● ਤੋਂ 15 ਸ਼ਬਦਾਂ ਵਿੱਚ ਵਿਆਖਿਆ ਵੀ ਕਰੋ। (5)

**ਜਾਂ**

(ੳ) ਪੰਜਾਬ ਦੇ ਮਾਨਚਿੱਤਰ ਵਿੱਚ ਦੂਜੇ ਐਂਗਲੋ ਸਿੱਖ ਯੁੱਧ ਦੇ ਸਥਾਨ ਦਿਖਾਓ। (1●)

(ਅ) ਦਿਖਾਏ ਗਏ ਹਰ ਸਥਾਨ ਦੀ 1● ਤੋਂ 15 ਸ਼ਬਦਾਂ ਵਿੱਚ ਵਿਆਖਿਆ ਵੀ ਕਰੋ। (5)

**ਜਾਂ** $10 + 5 = 15$

(ੳ) ਪੰਜਾਬ ਦੇ ਰੇਖਾ ਮਾਨਚਿੱਤਰ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਯੁੱਧਾਂ ਦੇ ਪੰਜ ਸਥਾਨ ਦਿਖਾਓ। 1●

(ਅ) ਹਰੇਕ ਸਥਾਨ ਦੀ ਵਿਆਖਿਆ 1●-15 ਸ਼ਬਦਾਂ ਵਿੱਚ ਕਰੋ। 5

**ਜਾਂ**

(ੳ) ਪੰਜਾਬ ਦੇ ਰੇਖਾ ਮਾਨਚਿੱਤਰ ਵਿੱਚ ਪਹਿਲੇ ਐਂਗਲੋ-ਸਿੱਖ ਯੁੱਧ ਦੇ ਪੰਜ ਸਥਾਨ ਦਿਖਾਓ। 1●

(ਅ) ਹਰੇਕ ਸਥਾਨ ਦੀ ਵਿਆਖਿਆ 1●-15 ਸ਼ਬਦਾਂ ਵਿੱਚ ਕਰੋ।

5

(ਵੇਖਣ ਤੋਂ ਅਸਮੱਰਥ ਵਿਦਿਆਰਥੀਆਂ ਲਈ) ਪ੍ਰਸ਼ਨ ਨੰ:4(ਮਾਨਚਿੱਤਰ ਪ੍ਰਸ਼ਨ) ਦੇ ਸਥਾਨ ਤੇ ਬਦਲਵੇਂ ਪ੍ਰਸ਼ਨ)

(ੳ) ਜਨਮ ਸਾਖੀਆਂ ਤੋਂ ਕੀ ਭਾਵ ਹੈ? ਪ੍ਰਸਿੱਧ ਜਨਮ ਸਾਖੀਆਂ ਬਾਰੇ ਲਿਖੋ। 1●

(ਅ) ਸ਼੍ਰੀ ਗੁਰੂ ਹਰਿ ਰਾਏ ਜੀ ਬਾਰੇ ਸੰਖੇਪ ਨੋਟ ਲਿਖੋ। 5

ਜਾਂ

(ੳ) ਦੂਸਰੇ ਐਂਗਲੋ-ਸਿੱਖ ਯੁੱਧ ਦੇ ਕੀ ਕਾਰਨ ਸਨ? ਇਸ ਯੁੱਧ ਦੇ ਕੀ ਸਿੱਟੇ ਨਿਕਲੇ। 1●

(ਅ) ਅਕਾਲੀ ਫੂਲਾ ਸਿੰਘ ਬਾਰੇ ਸੰਖੇਪ ਨੋਟ ਲਿਖੋ 5

2. ਪੰਜਾਬ ਦੀਆਂ ਭੂਗੋਲਿਕ ਵਿਸ਼ੇਸ਼ਤਾਵਾਂ ਦਾ ਵਰਣਨ ਕਰੋ। (1●)

(ੳ) ਸ਼੍ਰੀ ਹਰਿਮੰਦਰ ਸਾਹਿਬ ਤੇ ਨੋਟ ਲਿਖੋ। (5)

ਜਾਂ

(ਅ) ਪਾਣੀਪਤ ਦੀ ਤੀਸਰੀ ਲੜਾਈ ਦੇ ਕਾਰਨ ਅਤੇ ਸਿੱਟੇ ਦੱਸੋ। (1●)

(ੲ) ਮਹਾਰਾਣੀ ਜਿੰਦਾ ਤੇ ਨੋਟ ਲਿਖੋ। (5)